media release

ਤੁਰੰਤ ਰਿਲੀਜ ਲਈ

# ਦੌੜਣ ਲਈ ਤਿਆਰ ਹੋ ਜਾਓ! ਸਿਟੀ ਨੇ ਪਹਿਲੇ ਬ੍ਰੈਂਪਟਨ ਹਾਫ ਮੈਰਾਥਨ ਦੀ ਘੋਸ਼ਣਾ ਕੀਤੀ

ਬ੍ਰੈਂਪਟਨ, ਓਨਟੈਰੀਓ (26 ਸਤੰਬਰ, 2019) – ਹੁਣ ਆਪਣੇ ਦੌੜਣ ਵਾਲੇ ਬੂਟਾਂ ਦੇ ਫੀਤੇ ਬੰਨ੍ਹਣ ਅਤੇ ਦੌੜਣ ਦੀ ਤਿਆਰੀ ਕਰਨ ਦਾ ਸਮਾਂ ਆ ਗਿਆ ਹੈ, ਕਿਉਂਕਿ ਸਿਟੀ ਆਫ ਬ੍ਰੈਂਪਟਨ ਨੇ ਲੈਂਡਮਾਰਕ ਸਪੋਰਟ ਗਰੁੱਪ ਇੰਕ. (Landmark Sport Group Inc.) ਦੇ ਨਾਲ ਭਾਈਵਾਲੀ ਵਿੱਚ, ਪਹਿਲੀ ਬ੍ਰੈਂਪਟਨ ਹਾਫ ਮੈਰਾਥਨ (Brampton Half Marathon) ਦੀ ਘੋਸ਼ਣਾ ਕੀਤੀ ਹੈ!

13-14 ਜੂਨ, 2020 ਨੂੰ ਹੋਣ ਵਾਲੀ ਬ੍ਰੈਂਪਟਨ ਹਾਫ ਮੈਰਾਥਨ ਵਿੱਚ ਵੀਕੈਂਡ ਨੂੰ ਮਜ਼ੇਦਾਰ ਕਾਰਜਕਰਮ ਅਤੇ ਗਤੀਵਿਧੀਆਂ ਹੋਣਗੀਆਂ। 13 ਜੂਨ ਨੂੰ ਰਨਰਸ ਐਕਸਪੋ (Runners Expo) ਦੀ ਸ਼ੁਰੂਆਤ ਹੋਵੇਗੀ। ਦੌੜਨ ਵਾਲੇ ਪ੍ਰਦਰਸ਼ਕ ਬੂਥਾਂ ਤੇ ਜਾ ਸਕਣਗੇ, ਜਿੱਥੇ ਸਪਾਂਸਰ, ਵਪਾਰਕ ਸਮਾਨ, ਦੌੜਨ ਵਾਲੇ ਕੱਪੜੇ ਅਤੇ ਹੋਰ ਐਕਸੈਸਰੀਜ, ਪੋਸ਼ਣ ਅਤੇ ਫਿਟਨੈਸ ਸਬੰਧੀ ਉਤਪਾਦ, ਨਮੂਨੇ ਅਤੇ ਹੋਰ ਬਹੁਤ ਕੁਝ ਪੇਸ਼ ਕੀਤਾ ਜਾਵੇਗਾ।

ਦੌੜ 14 ਜੂਨ, 2020 ਨੂੰ ਸਵੇਰੇ 8:00 ਵਜੇ ਸ਼ੁਰੂ ਹੋਵੇਗੀ। ਦੌੜਨ ਵਾਲਿਆਂ ਕੋਲ ਹਾਫ ਮੈਰਾਥਨ ਜਾਂ 10 ਕਿ.ਮੀ. ਦੌੜ ਦਾ ਵਿਕਲਪ ਹੋਵੇਗਾ। ਮਾਊਂਟ ਪਲੈਜ਼ੈਂਟ ਵਿਲੇਜ (Mount Pleasant Village) ਸ਼ੁਰੂ ਅਤੇ ਅੰਤ ਦੋਵੇਂ ਲਾਈਨਾਂ ਦੀ ਮੇਜਬਾਨੀ ਕਰੇਗਾ, ਜਿੱਥੇ ਦੌੜਣ ਵਾਲੇ ਅਤੇ ਦਰਸ਼ਕ, ਇਤਿਹਾਸਕ ਕੈਨੇਡਿਅਨ ਪੈਸਿਫਿਕ ਰੇਲਵੇ ਸਟੇਸ਼ਨ (Canadian Pacific Railway station) ਨੂੰ ਦੇਖ ਸਕਦੇ ਹਨ। ਇੱਕ ਸਿੰਗਲ ਲੂਪ ਦੌੜ, ਦੌੜਣ ਵਾਲਿਆਂ ਨੂੰ ਹੈਰੀਟੇਜ ਰੋਡ (Heritage Road) ਅਤੇ ਲਾਇਨਹੈਡ ਗੋਲਫ ਕਲੱਬ (Lionhead Golf Club) ਦੇ ਨਾਲ-ਨਾਲ ਜਾਂਦੇ ਹੋਏ, ਸੁੰਦਰ ਖੇਤ ਦੇ ਨਾਲ, ਸਿਟੀ ਦੇ ਵੈਸਟ ਐਂਡ ਵਿੱਚੋਂ ਦੀ ਲੈ ਕੇ ਜਾਵੇਗੀ।



ਭਾਗੀਦਾਰਾਂ ਨੂੰ ਹੇਠਾਂ ਲਿਖੀਆਂ ਅੱਠ ਸਥਾਨਕ ਚੈਰਿਟੀਜ ਵਿੱਚੋਂ ਕਿਸੇ ਇੱਕ ਲਈ ਫੰਡ ਇਕੱਤਰ ਕਰਨ ਅਤੇ ਦਾਨ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ, ਜਿਹਨਾਂ ਨੇ ਬ੍ਰੈਂਪਟਨ ਹਾਫ ਮੈਰਾਥਨ ਵਿੱਚ ਭਾਈਵਾਲੀ ਕੀਤੀ ਹੈ:

- ਬਵਾਇਸ ਐਂਡ ਗਰਲਸ ਕਲੱਬ ਆਫ ਪੀਲ (Boys and Girls Club of Peel), www.bgcpeel.org
- ਫ੍ਰੀ ਫਾਰ ਆਲ ਫਾਉਂਡੇਸ਼ਨ (Free For All Foundation), www.ffaf.ca
- ਕੇ ਬਲੇਅਰ ਹੋਸਪਿਸ (Kay Blair Hospice)
- ਨਾਈਟਸ ਟੇਬਲ (Knights Table), www.knightstable.org
- ਪੀਲ ਚਿਲਡਰਸ ਏਡ ਫਾਉਂਡੇਸ਼ਨ (Peel Children's Aid Foundation), www.peelcaf.com
- ਪੀਲ ਰੀਜਨ ਚੈਪਟਰ ਆਫ ਔਟਿਜ਼ਮ ਓਨਟੈਰੀਓ (Peel Region Chapter of Autism Ontario), www.autismontario.com/chapters/peel-region
- ਸੇਵਾ ਫੂਡ ਬੈਂਕ (Seva Food Bank), www.sevafoodbank.com
- ਯੁਨਾਈਟੇਡ ਅਚੀਵਰਸ ਕਲੱਬ ਆਫ ਬ੍ਰੈਂਪਟਨ (United Achievers' Club of Brampton), www.unitedachieversclub.com

ਮੈਰਾਥਨ ਲਈ ਰਜਿਸਟਰ ਕਰਨ ਦੇ ਇਛੁੱਕ ਵਿਅਕਤੀ ਜਾਂ ਜੋ ਵਾਲੰਟੀਅਰ ਬਣਨਾ ਚਾਹੁੰਦੇ ਹਨ, ਉਹ www.bramptonhalfmarathon.com ਤੇ ਜਾ ਕੇ ਔਨਲਾਈਨ ਰਜਿਸਟਰ ਕਰ ਸਕਦੇ ਹਨ। ਔਨਲਾਈਨ ਰਜਿਸਟਰੇਸ਼ਨ ਬੁੱਧਵਾਰ, 10 ਜੂਨ, 2020 ਨੂੰ ਸ਼ਾਮ 5:00 ਵਜੇ ਖ਼ਤਮ ਹੋਵੇਗੀ। ਜੇਕਰ ਦੌੜ ਵਿੱਚ ਭਾਗੀਦਾਰਾਂ ਦੀ ਸੰਖਿਆ ਪੂਰੀ ਨਾ ਹੋਈ ਹੋਵੇ ਤਾਂ ਔਨ-ਸਾਈਟ ਰਜਿਸਟਰੇਸ਼ਨ ਉਪਲਬਧ ਹੋਵੇਗੀ।

**ਹਵਾਲੇ**

"ਅਸੀਂ ਬ੍ਰੈਂਪਟਨ ਅਤੇ ਪੀਲ ਰੀਜਨ ਵਿੱਚ ਸਥਾਨਕ ਚੈਰਿਟੀਜ ਨੂੰ ਸਹਿਯੋਗ ਦੇਣ ਵਾਲੇ, ਲੈਂਡਮਾਰਕ ਸਪੋਰਟ ਗਰੁੱਪ ਨਾਲ ਭਾਈਵਾਲੀ ਵਿੱਚ, ਬ੍ਰੈਂਪਟਨ ਵਿੱਚ ਸ਼ਹਿਰ ਦੀ ਪਹਿਲੀ ਦੌੜ ਹਾਫ ਮੈਰਾਥਨ ਲਿਆਉਣ ਲਈ ਉਤਸ਼ਾਹਿਤ ਹਾਂ। ਬ੍ਰੈਂਪਟਨ ਇੱਕ ਸਿਹਤਮੰਦ ਅਤੇ ਸੁਰੱਖਿਅਤ ਸਿਟੀ ਹੈ ਅਤੇ ਅਸੀਂ ਬ੍ਰੈਂਪਟਨ ਦੇ ਨਿਵਾਸੀਆਂ ਅਤੇ ਜੀ.ਟੀ.ਏ. ਅਤੇ ਓਨਟੈਰੀਓ ਦੇ ਹਰੇਕ ਵਿਅਕਤੀ ਨੂੰ, ਜੂਨ ਵਿੱਚ ਇੱਥੇ ਆ ਕੇ ਵੀਕੈਂਡ ਨੂੰ ਕਸਰਤ ਅਤੇ ਗਤਿਵਿਧੀਆਂ ਦੀਆਂ ਮਜ਼ੇਦਾਰ ਯੋਜਨਾਵਾਂ ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਕਰਦੇ ਹਾਂ।"

- *ਮੇਅਰ ਪੈਟਰਿਕ ਬ੍ਰਾਊਨ (Mayor Patrick Brown)*

"ਅਸੀਂ ਤੁਹਾਡੇ ਸ਼ਾਨਦਾਰ ਸ਼ਹਿਰ ਵਿੱਚ ਦੌੜਣ/ਸੈਰ ਕਰਨ ਦੇ ਕਾਰਜਕਰਮ ਵਿੱਚ ਸਰਬੋਤਮ ਜਨ ਭਾਗੀਦਾਰੀ ਨੂੰ ਲਿਆਉਣ ਲਈ ਮੇਅਰ ਪੈਟਰਿਕ ਬ੍ਰਾਊਨ ਅਤੇ ਸਿਟੀ ਆਫ ਬ੍ਰੈਂਪਟਨ ਦੇ ਨਾਲ ਮਿਲ ਕੇ ਕੰਮ ਕਰਨ ਲਈ ਬੇਹੱਦ ਉਤਸ਼ਾਹਿਤ ਹਾਂ। ਇਹ ਦੌੜ, ਨਾ ਸਿਰਫ਼ ਬ੍ਰੈਂਪਟਨ ਦੇ ਨਿਵਾਸੀਆਂ ਨੂੰ, ਬਲਕਿ ਜੀ.ਟੀ.ਏ., ਓਨਟੈਰੀਓ, ਕੈਨੇਡਾ ਦੇ ਭਾਗੀਦਾਰਾਂ ਅਤੇ ਪੂਰੀ ਦੁਨੀਆ ਦੇ ਜੋਸ਼ੀਲੇ ਦੌੜਣ ਵਾਲਿਆਂ ਨੂੰ ਬ੍ਰੈਂਪਟਨ ਦੀ ਸੁੰਦਰਤਾ ਅਤੇ ਵਿਸ਼ੇਸ਼ਤਾ ਦਿਖਾਵੇਗੀ।"

- *ਐਲੀਓਟ ਕੇਰ (Elliott Kerr), ਪ੍ਰੈਜ਼ੀਡੈਂਟ, ਲੈਂਡਮਾਰਕ ਸਪੋਰਟ ਗਰੁੱਪ ਇੰਕ.*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

BRAMPTON Flower City
brampton.ca

media release

**ਮੀਡੀਆ ਸੰਪਰਕ**

ਮੋਨਿਕਾ ਦੁੱਗਲ (Monika Duggal)

ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ

ਸਟ੍ਰੈਟਜਿਕ ਕਮਿਉਨਿਕੇਸ਼ਨ

ਸਿਟੀ ਆਫ ਬ੍ਰੈਂਪਟਨ

905-874-3426 | Monika.Duggal@brampton.ca